**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ।**

https://sssb.punjab.gov.in

**ਇਸ਼ਤਿਹਾਰ ਨੰਬਰ 15 ਆਫ 2022** **ਅਸਾਮੀਆਂ ਦੀ ਗਿਣਤੀ:- 735**

ਕਲਰਕ, ਕਲਰਕ ਆਈ.ਟੀ. ਅਤੇ ਕਲਰਕ ਲੇਖਾ


| ਲੜੀ ਨੰ: | ਵੇਰਵਾ | ਪੰਨਾ ਨੰਬਰ |
|---|---|---|
| 1. | ਮਹੱਤਵਪੂਰਨ ਮਿਤੀਆਂ | 1 |
| 2. | ਵਿਸਥਾਰਪੂਰਵਕ ਸੂਚਨਾ / ਜਾਣ-ਪਹਿਚਾਣ | 1 |
| 3. | ਅਸਾਮੀਆਂ ਦਾ ਕੈਟਾਗਰੀ ਵਾਈਜ਼ ਵਰਗੀਕਰਨ | 2-7 |
| 4. | ਅਸਾਮੀਆਂ ਅਪਲਾਈ ਕਰਨ ਲਈ ਕੈਟਾਗਰੀ ਕੋਡ | 9 |
| 5. | ਤਨਖਾਹ ਸਕੇਲ ਅਤੇ ਭੱਤੇ | 10 |
| 6. | ਵਿੱਦਿਅਕ ਯੋਗਤਾ | 10 |
| 7. | ਉਮਰ ਸੀਮਾ | 12 |
| 8. | ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ | 13 |
| 9. | ਫੀਸ ਸਬੰਧੀ ਵੇਰਵਾ | 13 |
| 10. | ਚੋਣ ਵਿਧੀ / ਪ੍ਰੀਖਿਆ ਸਬੰਧੀ ਜਾਣਕਾਰੀ | 13 |
| 11. | ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ | 14 |
| 12. | ਅਪਲਾਈ ਕਰਨ ਦੀ ਵਿਧੀ | 15 |
| 13. | ਬਿਨੈਕਾਰ ਦੇ ਧਿਆਨ ਹਿੱਤ ਜਰੂਰੀ ਹਦਾਇਤਾਂ | 16 |

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ।**

https://sssb.punjab.gov.in

**ਇਸ਼ਤਿਹਾਰ ਨੰ: 15 ਆਫ 2022**

## ਜਨਤਕ ਨਿਯੁਕਤੀਆਂ

**ਮਹੱਤਵਪੂਰਨ ਮਿਤੀਆਂ:**

| | |
|---|---|
| **ਆਨਲਾਈਨ ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ:** | **29-06-2022** |
| **ਆਨਲਾਈਨ ਅਪਲਾਈ/ਸਬਮਿਟ ਕਰਨ ਦੀ ਆਖਰੀ ਮਿਤੀ:** | **29-07-2022 (ਸ਼ਾਮ 5:00 ਵਜੇ ਤੱਕ)** |
| **ਫੀਸ ਭਰਨ ਦੀ ਆਖਰੀ ਮਿਤੀ:** | **02-08-2022** |

**1. ਵਿਸਥਾਰ ਪੂਰਵਕ ਸੂਚਨਾ**

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗੁਰੱਪ-ਸੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

2. **ਜਾਣ-ਪਹਿਚਾਣ**

ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਮੰਗ ਪੱਤਰ, ਅਸਾਮੀਆਂ ਦਾ ਵਰਗੀਕਰਨ ਅਤੇ ਪ੍ਰਾਪਤ ਨਿਯਮਾਂ ਅਨੁਸਾਰ ਗਰੁੱਪ ਸੀ ਦੀਆਂ **ਕਲਰਕ ਦੀਆਂ 704 ਅਤੇ ਕਲਰਕ ਆਈ.ਟੀ. ਦੀਆਂ 10 ਅਸਾਮੀਆਂ ਅਤੇ ਕਲਰਕ ਲੇਖਾ ਦੀਆਂ 21 ਅਸਾਮੀਆਂ** ਭਰਨ ਲਈ ਬੋਰਡ ਦੀ ਵੈਬਸਾਈਟ https://sssb.punjab.gov.in ਤੇ ਯੋਗ ਉਮੀਦਵਾਰਾਂ ਤੋਂ ਮਿਤੀ 29/06/2022 ਤੋਂ 29/07/2022, ਸ਼ਾਮ 05-00 ਵਜੇ ਤੱਕ ਕੇਵਲ ਆਨਲਾਈਨ ਮੋਡ ਰਾਹੀਂ ਅਰਜੀਆਂ/ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

**3. ਕਲਰਕ ਅਸਾਮੀ ਦੀਆਂ 704 ਸੰਭਾਵਿਤ ਅਸਾਮੀਆਂ ਦਾ ਕੈਟਾਗਰੀ ਵਾਈਜ਼ ਵਰਗੀਕਰਨ :-**

## (i) ਕਲਰਕ / Clerk — ਕੁੱਲ ਅਸਾਮੀਆਂ = 704 (ਸੰਭਾਵਿਤ ਅਸਾਮੀਆਂ)

| Sr. No | Name of Department | General | | S.C. | | | | B.C. | | Ex Service Men | | | | | | | | | | | | | | | | SPORTS | | | | | | Physically Handicapped | | | | | | | | Freedom Fighter | | E.W.S. | | Total |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | M.B. | | R.O. | | | | GENERAL | | | | S.C. | | | | | | | | B.C. | | | | GEN | | S.C. | | | | Ortho | | Visually Impaired | | Hearing Impaired | | ID | | | | | | |
| | | | | | | | | | | SELF | | DEPDENT | | SELF | | | | DEP | | | | SELF | | DEP | | | | M.B. | | R.O. | | | | | | | | | | | | | | |
| | | | | | | | | | | | | | | M.B. | | R.O. | | M.B. | | R.O. | | | | | | | | | | | | | | | | | | | | | | | | |
| | | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | M | W | |
| 1 | ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ ਪੱਤਰ ਨੰ: ਈ/273656-DPISE-ME0ESTB/73/2021-ਦਅ(2)/2021389741 ਮਿਤੀ 16/12/2021 | 70 | 28 | 16 | 10 | 14 | 10 | 15 | 10 | 8 | 10 | 0 | 0 | 5 | 0 | 5 | 0 | 0 | 0 | 0 | 0 | 4 | 0 | 0 | 0 | 3 | 3 | 1 | 0 | 1 | 0 | 1 | 1 | 1 | 2 | 1 | 1 | 2 | 1 | 1 | 1 | 17 | 8 | 250 |
| 2 | ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਪੱਤਰ ਨੰ: ਅ-5(ਸਸ)2021/14400 ਮਿਤੀ 06/04/2022 | 15 | 6 | 3 | 3 | 3 | 2 | 4 | 2 | 2 | 3 | 0 | 0 | 1 | 0 | 1 | 0 | 0 | 0 | 0 | 0 | 1 | 0 | 0 | 0 | 0 | 1 | 1 | 0 | 0 | 0 | 0 | 1 | 0 | 0 | 0 | 0 | 0 | 0 | 1 | 0 | 4 | 1 | 55 |

| | | | | | | | | | | | | | | | | | | | | | | | | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| 3 | ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਪੱਤਰ ਨੰ: ਅਮਲਾ-(ਈ.ਪੀ.65)-2022/44 ਮਿਤੀ 21/04/2022 | 2 | 1 | 0 | 0 | 1 | 1 | 1 | 0 | 0 | 1 | 0 | 0 | 0 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 9 |
| 4 | ਡਾਇਰੈਕਟਰ, ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ ਪੱਤਰ ਨੰ: 2802 ਡੀਟੀਸੀਪੀ(ਪਬ)/ਅਰ-210 ਮਿਤੀ 07/04/2022 | 0 | 0 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 1 |
| 5 | ਦਫਤਰ ਮੁੱਖ ਚੋਣ ਅਫਸਰ ਪੰਜਾਬ ਪੱਤਰ ਨੰਬਰ ਚੋਣ-2022/ਸਅ2-8014 ਮਿਤੀ 01/04/2022 | 28 | 11 | 6 | 5 | 6 | 4 | 6 | 4 | 3 | 4 | 0 | 0 | 2 | 0 | 2 | 0 | 0 | **0** | **0** | **0** | 2 | 0 | 0 | 0 | 1 | 1 | 1 | 0 | 0 | 0 | 1 | 0 | 1 | 0 | 1 | 0 | 1 | 0 | 1 | 0 | 7 | 3 | 101 |
| 6 | ਦਫਤਰ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ, ਪਟਿਆਲਾ ਪੱਤਰ ਨੰ: ਨਗ-1-2022/3281 ਮਿਤੀ 25/04/2022 (ਮੁੱਖ ਦਫਤਰ) | 0 | 2 | 1 | 1 | 1 | 0 | 1 | 1 | 1 | 0 | 0 | 0 | 1 | 0 | 0 | 0 | 0 | 0 | 0 | 0 | 1 | 0 | 0 | 0 | 2 | 0 | 0 | 0 | 0 | 0 | 0 | 0 | 0 | 0 | 0 | 0 | 0 | 1 | 1 | 0 | 2 | 0 | 16 |
| 7 | ਦਫਤਰ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ, ਪਟਿਆਲਾ ਪੱਤਰ ਨੰ: ਨਗ-1-2022/3281 ਮਿਤੀ 25/04/2022 (ਖੇਤਰੀ ਦਫਤਰ) | 6 | 8 | 2 | 3 | 2 | 3 | 5 | 3 | 10 | 4 | 0 | 0 | 6 | 0 | 5 | 0 | 0 | 0 | 0 | 0 | 3 | 0 | 0 | 0 | 1 | 1 | 0 | 0 | 0 | 0 | 0 | 1 | 1 | 0 | 0 | 0 | 1 | | 3 | 1 | 4 | 3 | 76 |

| | | | | | | | | | | | | | | | | | | | | | | | | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| 8 | ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਪੱਤਰ ਨੰ: ਡਡਵ/ਅਮਲਾ/ਅਸ-2/1730 ਮਿਤੀ 18/05/2022 | 1 | 0 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 2 |
| 9 | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੱਤਰ ਨੰਬਰ ਸ-4/5028 ਮਿਤੀ 09/05/2022 | 1 | 0 | 4 | 2 | 4 | 2 | 1 | 1 | 2 | 2 | 0 | 0 | 0 | 0 | 2 | 0 | 0 | 0 | 0 | 0 | 1 | 1 | 0 | 0 | 1 | 1 | 0 | 0 | 0 | 0 | 0 | 1 | 0 | 0 | 1 | 0 | 1 | 0 | 0 | 0 | 1 | 0 | 29 |
| 10 | ਡਾਇਰੈਕਟੋਰੇਟ ਪਸ਼ੂ ਪਾਲਣ ਵਿਭਾਗ ਪੰਜਾਬ ਪੱਤਰ ਨੰ: 2020-21/792 ਮਿਤੀ 06/05/2022 | 1 | 1 | | 1 | 1 | | | 1 | | | | | | 1 | | | | | | | 1 | | | | 1 | 1 | | 1 | | | 1 | | | | | | | | | | | 1 | 12 |
| 11 | ਵਿੱਤ ਵਿਭਾਗ (ਖਜਾਨਾ ਤੇ ਲੇਖਾ ਸ਼ਾਖਾ) ਪੰਜਾਬ ਸਰਕਾਰ ਪੱਤਰ ਨੰ: ਟੀ.ਏ(ਟੀ-4-ਸਿੱਧੀ ਭਰਤੀ)/2022/3596 ਮਿਤੀ 25/05/2022 | 20 | 9 | 10 | 5 | | 4 | | 1 | 13 | 10 | | | 3 | | 3 | | | | | | 4 | | | | 3 | 2 | 1 | | 1 | | | | 2 | | 1 | | 1 | | 1 | | 5 | 2 | 101 |
| 12 | ਡਾਇਰੈਕਟਰ ਭੌਂ ਰਿਕਾਰਡ ਪੰਜਾਬ ਜਲੰਧਰ ਪੱਤਰ ਨੰ: ਅ-1/3-82/3675 ਮਿਤੀ 29/04/2022 | | | 1 | | | | 1 | | 1 | 1 | | | | | | | | | | | | | | | | | | | | | | | | | | | | | | | | | 4 |

| | | | | | | | | | | | | | | | | | | | | | | | | | | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| 13 | ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਪਾਗ ਪੱਤਰ ਮੀਮੋ ਨੰ: 2/1/1995-4ਪ4/12567 ਮਿਤੀ 08/06/2022 | 13 | 4 | 2 | 2 | 2 | 2 | 3 | 1 | 1 | 2 | | | 1 | | | | | | | | 1 | | | | 1 | | 1 | | | | 1 | | | | | | | | | 1 | 3 | 1 | 42 |
| 14 | ਪੰਜਾਬ ਬਿਜਲੀ ਇੰਸਪੈਕਟੋਰੇ ਪੱਤਰ ਨੰਬਰ 001660 ਮਿਤੀ 13/06/2022 | 3 | 1 | | 1 | | | | | | 1 | | | | | | | | | | | | | | | | | | | | | | | | | | | | | | | | | 6 |
| | | 160 | 71 | 45 | 33 | 36 | 28 | 37 | 24 | 41 | 38 | 0 | 0 | 19 | 1 | 18 | 1 | 0 | 0 | 0 | 0 | 18 | 1 | 0 | 0 | 13 | 10 | 5 | 1 | 2 | 0 | 4 | 4 | 5 | 2 | 4 | 1 | 6 | 2 | 8 | 3 | 43 | 20 | 704 |

**(ii) ਕਲਰਕ ਆਈ.ਟੀ./ Clerk I.T.** **ਕੁੱਲ ਅਸਾਮੀਆਂ = 10 (ਸੰਭਾਵਿਤ ਅਸਾਮੀਆਂ)**

| Sr. No | Name of Department | General M/W | General W | S.C. M.B. M/W | S.C. M.B. W | S.C. R.O. M/W | S.C. R.O. W | B.C. M/W | B.C. W | Ex Service Men GENERAL SELF M/W | Ex Service Men GENERAL SELF W | Ex Service Men GENERAL DEPDENT M/W | Ex Service Men GENERAL DEPDENT W | Ex Service Men S.C. SELF M.B. M/W | Ex Service Men S.C. SELF M.B. W | Ex Service Men S.C. SELF R.O. M/W | Ex Service Men S.C. SELF R.O. W | Ex Service Men S.C. DEP M.B. M/W | Ex Service Men S.C. DEP M.B. W | Ex Service Men S.C. DEP R.O. M/W | Ex Service Men S.C. DEP R.O. W | Ex Service Men B.C. SELF M/W | Ex Service Men B.C. SELF W | Ex Service Men B.C. DEP M/W | Ex Service Men B.C. DEP W | SPORTS GEN M/W | SPORTS GEN W | SPORTS S.C. M.B. M/W | SPORTS S.C. M.B. W | SPORTS S.C. R.O. M/W | SPORTS S.C. R.O. W | Physically Handicapped Ortho M/W | Physically Handicapped Ortho W | Physically Handicapped Visually Impaired M/W | Physically Handicapped Visually Impaired W | Physically Handicapped Hearing Impaired M/W | Physically Handicapped Hearing Impaired W | Physically Handicapped ID M/W | Physically Handicapped ID W | Freedom Fighter M/W | Freedom Fighter W | E.W.S. M/W | E.W.S. W | Total |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| 1 | ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਪੱਤਰ ਨੰ: ਡਡਵ/ਅਮਲਾ/ ਅਸ-2/1730 ਮਿਤੀ 18/05/2022 | 2 | 1 | 0 | 1 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 4 |
| 2 | ਦਫਤਰ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਪੱਤਰ ਨੰ: ਨਗ-1-2022/3281 ਮਿਤੀ 25/04/2022 | 3 | 1 | 1 | 1 | | | | | | | | | | | | | | | | | | | | | | | | | | | | | | | | | | | | | | | 6 |
| | | 5 | 2 | 1 | 2 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 0 | 10 |

## (iii) ਕਲਰਕ ਲੇਖਾ / Clerk Accounts

| Sr. No | Name of Department | General | | S.C. | | | | B.C. | | Ex Service Men | | | | | | | | | | | | | | | | SPORTS | | | | | | Physically Handicapped | | | | | | | | Free dom Fighter | | E.W.S. | | Total |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | M.B. | | R.O. | | | | GENERAL | | | | S.C. | | | | | | | | B.C. | | | | GEN | | S.C. | | | | Ortho | | Visually Impaired | | Hearing Impaired | | ID | | | | | | |
| | | | | | | | | | | SELF | | DEPDENT | | SELF | | | | DEP | | | | SELF | | DEP | | | | | | | | | | | | | | | | | | | | |
| | | | | | | | | | | | | | | M.B. | | R.O. | | M.B. | | R.O. | | | | | | | | M.B. | | R.O. | | | | | | | | | | | | | | |
| | | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | M/W | W | |
| 1 | ਵਿਗਿਆਨ, ਤਕਨੀਕ ਅਤੇ ਵਾਤਾਵਰਣ ਵਿਭਾਗ ਪੱਤਰ ਮੀਮੋ ਨੰ: STE-STEB08/18/2020-STE5/291306 Dated 13/12/2021 | 4 | 3 | 1 | 1 | 1 | | 1 | | | 1 | | | | | | | | | | | 1 | | | | | 1 | | | | | | | | | | | | | | | 1 | | 15 |
| 2 | ਦਫਤਰ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਪੱਤਰ ਨੰ: ਨਗ-1-2022/3281 ਮਿਤੀ 25/04/2022 | 3 | 1 | 1 | 1 | | | | | | | | | | | | | | | | | | | | | | | | | | | | | | | | | | | | | | | | | 6 |
| 2 | Total | 7 | 4 | 2 | 2 | 1 | | 1 | | | 1 | | | | | | | | | | | 1 | | | | | 1 | | | | | | | | | | | | | | | 1 | | 21 |

**ਨੋਟ:** (ੳ) ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ ਵਰਗੀਕਰਨ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਾਪਤ ਮੰਗ ਪੱਤਰਾਂ ਦੇ ਅਧਾਰ ਤੇ ਦਰਸਾਇਆ ਗਿਆ ਹੈ। ਜੇਕਰ ਸਬੰਧਤ ਵਿਭਾਗ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਜਾਂ ਅਸਾਮੀਆਂ ਦੀ ਮੰਗ ਮੁਕੰਮਲ ਰੂਪ ਵਿੱਚ ਵਾਪਿਸ ਲੈਣ ਦਾ ਫੈਸਲਾ ਲੈਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ ਭਰਤੀ ਵਿੱਚ ਸੋਧ ਕੀਤੀ ਜਾ ਸਕਦੀ ਹੈ। ਅਜਿਹੀ ਹਰ ਤਰਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

(ਅ) ਸਮਰੱਥ ਅਥਾਰਟੀ ਵੱਲੋਂ ਲਏ ਫੈਸਲੇ ਅਨੁਸਾਰ ਤੈਅ ਕੀਤੇ ਜਾਣ ਵਾਲੇ ਨਿਰਧਾਰਤ ਸਮੇਂ ਤੱਕ, ਜੇਕਰ ਕਿਸੇ ਨਵੇਂ ਵਿਭਾਗ ਤੋਂ ਕਲਰਕ, ਕਲਰਕ ਆਈ.ਟੀ. ਅਤੇ ਕਲਰਕ ਲੇਖਾ ਦੀਆਂ ਹੋਰ ਅਸਾਮੀਆਂ ਪ੍ਰਾਪਤ ਹੁੰਦੀਆਂ ਹਨ ਤਾਂ ਬੋਰਡ ਦੁਆਰਾ ਅਸਾਮੀਆਂ ਦੀ ਗਿਣਤੀ ਵਧਾਉਣ ਸਬੰਧੀ, ਇਸ ਭਰਤੀ ਵਿੱਚ ਸੋਧ ਕੀਤੀ ਜਾ ਸਕਦੀ ਹੈ।

(ੲ) ਸਾਬਕਾ ਫੌਜੀ ਕੈਟਾਗਰੀ ਦੀਆਂ ਅਸਾਮੀਆਂ ਸਾਬਕਾ ਫੌਜੀ ਸੈਲਫ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ। ਸਾਬਕਾ ਫੌਜੀ ਸੈਲਫ ਉਮੀਦਵਾਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀਆਂ ਸਾਬਕਾ ਫੌਜੀ ਡਿਪੈਂਡੈਂਟ ਉਮੀਦਵਾਰਾਂ ਵਿੱਚੋਂ ਭਰੀਆਂ ਜਾਣਗੀਆਂ।

**(ਸ)** ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ **ਵਿਭਾਗ** ਦੇ ਨੋਟੀਫਿਕੇਸ਼ਨ ਮਿਤੀ **08/05/2020** ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਵੇਗੀ **:-**

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

"Provided further that when an ex-serviceman is not available for recruitment against a reserved vacancy and further no wife or dependent child of an Ex-serviceman is available for recruitment against a reserved vacancy, such shall be reserved to be filled in by recruitment of the grand child of a Gallantry Award Winner, in case the benefit of reservation has not been availed of by any of the children or dependents of such winner or by the winner himself subject to the conditions specified in the second proviso."

(**ਹ**) ਉਮੀਦਵਾਰ ਵਿਭਾਗਾਂ ਦੀ ਪ੍ਰੈਫਰੈਂਸ ਆਨਲਾਈਨ ਫਾਰਮ ਵਿੱਚ ਹੀ ਭਰਨਗੇ। ਉਮੀਦਵਾਰ ਵੱਲੋਂ ਭਰੀ ਗਈ ਪ੍ਰੈਫਰੈਂਸ, ਸਬੰਧਤ ਵਿਭਾਗ ਵਿੱਚ ਅਸਾਮੀਆਂ ਦੀ ਉਪਲੱਬਧਤਾ ਅਨੁਸਾਰ ਵਿਚਾਰੀ ਜਾਵੇਗੀ।

(**ਕ**) ਉਪਰੋਕਤ ਅਸਾਮੀਆਂ ਦੀ ਭਰਤੀ ਪੰਜਾਬ ਸਰਕਾਰ ਦੀ Notification titled as The Punjab Civil Services (Reservation of Posts fro Women) Rules, 2020 ਨੰਬਰ G.S.R. 87/Const/Art.309 and 15/2020 ਮਿਤੀ 21/10/2020 ਅਨੁਸਾਰ ਕੀਤੀ ਜਾਵੇਗੀ।

(**ਖ**) ਉਪਰੋਕਤ ਅਸਾਮੀਆਂ ਦੀ ਭਰਤੀ ਪੰਜਾਬ ਸਰਕਾਰ ਦੀਆਂ ਹਦਾਇਤਾਂ Reservation for Economically Weaker Sections (EWSs) in direct recruitment in civil posts and services in the Government of Punjab, Letter No. 1/3/2019-RC1/120 fwsh 28/05/2019 ਅਨੁਸਾਰ ਕੀਤੀ ਜਾਵੇਗੀ।

4. ਅਸਾਮੀਆਂ ਲਈ ਅਪਲਾਈ ਕਰਨ ਲਈ ਕੈਟਾਗਰੀ ਕੋਡ:-

| S. No. | Category | Code |
|---|---|---|
| 1 | General | 101 |
| 2 | Ecnomically Weaker Section (GEN) | 102 |
| 3 | S.C. (Mazhbi & Balmiki) | 103 |
| 4 | S.C. (Ramdasia & Others) | 104 |
| 5 | B.C. (Backward Class) | 105 |
| 6 | Ex. Service Man-General (Self) | 106 |
| 7 | Ex. Service Man-General (Dependent) | 107 |
| 8 | Ex. Service Man –S.C.(Mazhbi & Balmiki) (Self) | 108 |
| 9 | Ex. Service Man –S.C. (Mazhbi & Balmiki) (Dependent) | 109 |
| 10 | Ex. Service Man –S.C.(Ramdasia &Others) (Self) | 110 |
| 11 | Ex. Service Man –S.C.(Ramdasia &Others) (Dependent) | 111 |
| 12 | Ex. Service Man -BC (Self) | 112 |
| 13 | Ex. Service Man -BC (Dependent) | 113 |
| 14 | Sports –General | 114 |
| 15 | Sports SC(Mazbi &Balmiki) | 115 |
| 16 | Sports SC(Ramdasia & Others ) | 116 |
| 17 | Physically Handicaped Ortho | 117 |
| 18 | Physically Handicaped Visually Impaired | 118 |
| 19 | Physically Handicaped Hearing Impaired | 119 |
| 20 | Physically Handicaped M.D & I.D | 120 |
| 21 | Freedom Fighter | 121 |

**5. ਤਨਖਾਹ ਸਕੇਲ ਅਤੇ ਭੱਤੇ:-**

(i) Pay Scale/Pay Matrix as per 7th Central Pay Commission Rs. 19900/-

(ii) ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ: 7/87/2020-5FP1/1145 ਮਿਤੀ 29/10/2020 ਅਤੇ ਵਿੱਤ ਵਿਭਾਗ ਦੇ ਪੱਤਰ ਨੰ: 7/42/2020-5FP1/741-746 ਮਿਤੀ 17/07/2020 ਮੁਤਾਬਿਕ 19900 (Level 2) ਤਨਖਾਹ ਸਕੇਲ ਦਿੱਤੀ ਜਾਵੇਗੀ।

(ii) ਵਿੱਤ ਵਿਭਾਗ ਦੀ ਪੱਤਰ ਨੰ: 1145 ਮਿਤੀ 29/10/2020 ਦੀ ਸਲਾਹ ਅਨੁਸਾਰ ਮੁਢਲੀ ਤਨਖਾਹ 19900 (Level 2) ਤੋਂ ਇਲਾਵਾ ਇਸ ਸਕੇਲ ਦੇ ਸਨਮੁੱਖ ਹਰ ਤਰਾਂ ਦੇ ਭੱਤਿਆ ਬਾਰੇ ਫੈਸਲਾ ਬਾਅਦ ਵਿੱਚ (ਸਬੰਧਤ ਵਿਭਾਗ ਵੱਲੋਂ) ਕੀਤਾ ਜਾਵੇਗਾ।

(iii) ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ: 7/87/2020-5FP1/1145 ਮਿਤੀ 29/10/2020 ਅਨੁਸਾਰ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਉਸਦੇ ਸਨਮੁੱਖ ਇਸ ਪੇਅ ਮੈਟ੍ਰਿਕਸ ਵਿੱਚ ਮੁੜ ਕੋਈ ਰਵੀਜਨ ਨਹੀਂ ਕੀਤੀ ਜਾਵੇਗੀ।

(iv) ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ: 7/204/2012-4FP1/66-72, ਮਿਤੀ 15/01/2015 ਅਤੇ ਪੱਤਰ ਨੰ: 07/204/2015-4FP1/853793 ਮਿਤੀ 04/10/2016 ਲਾਗੂ ਹੋਣਗੇ।

**6. ਵਿੱਦਿਅਕ ਯੋਗਤਾ: -**

**(ੳ) ਪੈਰਾ 3 (I) ਅਧੀਨ ਦਰਸਾਈਆਂ ਕਲਰਕ / Clerk ਦੀਆਂ ਅਸਾਮੀਆਂ ਲਈ**

As per The Punjab Civil Services (General and Common Conditions of Service) Rules, 1994 (as amended from time to time):-

(I) Should have Bachelor's Degree from a recognised University or Institution; and

(II) Possesses at least one hundred and twenty hours course with hands on experience in the use of Personal Computer or Information Technology in Office Productivity applications or Desktop Publishing applications from a Government recogniesed institution or a reputed institution, which is ISO 9001 certified.

OR

Possesses a Computer Information Technology course equivalent to 'O' Level certificate of Department of Electronics Accreditation of Computer Course (DOEACC) of Government of India. and

(III) Qualifies a test in Punjabi (In Unicode Compliant Font Raavi ) and English typing to be held by the Board or the appointing authority or the Department of Information Technology as the case may be, at a speed of thirty words per minute before his appointment (As specified in The Punjab Civil Services (General and Common Conditions of Service) Rules, 1994) and

(IV) Qualifies a competitive test to be held by the recruiting authority; and

(V) "ਪੰਜਾਬ ਸਿਵਲ ਸੇਵਾਵਾਂ (General and Common Conditions of Service) ਰੂਲਜ਼, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**(ਅ) ਕਲਰਕ ਆਈ.ਟੀ. / Clerk I.T. ਦੀਆਂ ਅਸਾਮੀਆਂ ਦੀ ਵਿੱਦਿਅਕ ਯੋਗਤਾ**

**ਪੈਰਾ 3 (II) ਅਧੀਨ ਟੇਬਲ ਦੇ ਲੜੀ ਨੰ: 1 ਤੇ ਦਰਜ ਡੇਅਰੀ ਵਿਕਾਸ ਵਿਭਾਗ ਦੀਆਂ ਕਲਰਕ ਆਈ.ਟੀ. ਦੀਆਂ ਅਸਾਮੀਆਂ ਲਈ:-**

**(i)** Should possess a degree in Bachelor of Engineering or Bachelor of Technology in Information Technology OR Electronics and Communication Or Computer Science from a recognized university:

OR

Should possess a Master's Degree in computer Applications from a recognized university;

(ii) Qualifies a competitive test to be held by the recruiting authority; and

(iii) Qualifies a type test in Punjabi and English to be held by the recruiting authority at the speed of thirty words per minute or at such speed as may be specified by the Punjab Government from time to time and other conditions applicable as per the Punjab Civil Services (General and Common conditions of Services) Rules, 1994, as amended from time to time.

(iv) "ਪੰਜਾਬ ਸਿਵਲ ਸੇਵਾਵਾਂ (General and Common Conditions of Service) ਰੂਲਜ਼, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**ਪੈਰਾ 3 (II) ਅਧੀਨ ਟੇਬਲ ਦੇ ਲੜੀ ਨੰਬਰ 2 ਤੇ ਦਰਜ ਕਰ ਅਤੇ ਆਬਕਾਰੀ ਵਿਭਾਗ ਦੀਆਂ ਕਲਰਕ ਆਈ.ਟੀ. ਦੀਆਂ ਅਸਾਮੀਆਂ ਲਈ:-**

(i) Should be Graduate in Computer Application / Information Technology/ Computer Engineering / Computer Technology from a recognized University or Institution;

(ii) Qualifies a competitive test to be held by the recruiting authority; and

(iii) Qualifies a test in Punjabi and English typing to be held by the recruiting authority at the speed of thirty words per minute or at such speed as may be specified by the Punjab Government from time to time and other conditions applicable as per the Punjab Civil Services (General and Common Conditions of Service) Rules, 1994, as amended from time to time.

(iv) "ਪੰਜਾਬ ਸਿਵਲ ਸੇਵਾਵਾਂ (General and Common Conditions of Service) ਰੂਲਜ਼, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**(ੲ) ਕਲਰਕ ਲੇਖਾ / Clerk Accounts ਦੀਆਂ ਅਸਾਮੀਆਂ ਦੀ ਵਿੱਦਿਅਕ ਯੋਗਤਾ**

**ਪੈਰਾ 3 (iii) ਅਧੀਨ ਟੇਬਲ ਦੇ ਲੜੀ ਨੰ: 1 ਤੇ ਦਰਜ ਵਿਗਿਆਨ ਤਕਨੀਕ ਅਤੇ ਵਾਤਾਵਰਣ ਵਿਭਾਗ ਦੀਆਂ ਕਲਰਕ ਲੇਖਾ ਦੀਆਂ ਅਸਾਮੀਆਂ ਲਈ:-**

**(v)** Atleast IInd class Bachelor's Degree in Commerce from a recognized university and should have atleast two years working experience o computer preference will be given to persons having experience in Accounts Work in a Government Department/Public Sector Undertakings Large Industrial House.

**(vi)** Knowledge of Computer

The candidate must have undergone a computer course of six months duration from a reputed institute.

(vii) "ਪੰਜਾਬ ਸਿਵਲ ਸੇਵਾਵਾਂ (General and Common Conditions of Service) ਰੂਲਜ਼, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**ਪੈਰਾ 3 (iii) ਅਧੀਨ ਟੇਬਲ ਦੇ ਲੜੀ ਨੰ: 1 ਤੇ ਦਰਜ ਕਰ ਅਤੇ ਆਬਕਾਰੀ ਵਿਭਾਗ ਦੀਆਂ ਕਲਰਕ ਲੇਖਾ ਦੀਆਂ ਅਸਾਮੀਆਂ ਲਈ:-**

(v) Should possess a degree of Commerce from a recognized University or Institution.

(vi) Qualifies a competitive test to be held by the recruiting authority; and

(vii) Qualifies a test in Punjabi and English typing to be held by the recruiting authority at the speed of thirty words per minute or at such speed as may be specified by the Punjab Government from time to time and other conditions applicable as per the Punjab Civil Services (General and Common Conditions of Service) Rules, 1994, as amended from time to time.

(viii) "ਪੰਜਾਬ ਸਿਵਲ ਸੇਵਾਵਾਂ (General and Common Conditions of Service) ਰੂਲਜ਼, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

**ਨੋਟ:- ਵਿੱਦਿਅਕ ਯੋਗਤਾ ਦਾ ਸਰਟੀਫਿਕੇਟ ਅਪਲਾਈ ਕਰਨ ਦੀ ਅੰਤਿਮ ਮਿਤੀ ਭਾਵ 29/07/2022 ਤੋਂ ਪਹਿਲਾਂ ਦਾ ਹੋਣਾ ਜਰੂਰੀ ਹੈ।**

7. **ਉਮਰ ਸੀਮਾ:-** ਉਪਰੋਕਤ ਅਸਾਮੀਆਂ ਲਈ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01-01-2022 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:-

(I) ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(II) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਸੀਮਾ 42 ਸਾਲ ਹੋਵੇਗੀ।

(III) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ ਸੀਮਾ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(IV) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾ Punjab Recruitment of Ex-servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮ੍ਹਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(V) ਪੰਜਾਬ ਦੇ ਵਸਨੀਕ ਅੰਗਹੀਣਾਂ ਲਈ ਉਪਰਲੀ ਉਮਰ ਸੀਮਾ ਵਿੱਚ 10 ਸਾਲ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

(VI) The upper age limit for widows, divorcees and certain other categories of married women as per instructions issued by the Government of Punjab vide Letter No. 1/50/83-5PP(1368)/3454 Dated 23/04/1984 will be relaxed up to 40 years.

**ਨੋਟ:- ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾ ਵਿੱਚ ਛੋਟ ਲੈਣ ਲਈ ਅਪਣੇ ਵਿਭਾਗ ਤੋਂ NOC ਲੈ ਕੇ ਕੌਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

8. **Reservation / ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ:-**

(I) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਰਾਜ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ।

(II) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਜਾਰੀ ਹੋਇਆ ਸਰਟੀਫਿਕੇਟ (Domicile Certificate) ਅਪਲੋਡ/ਪੇਸ਼ ਕਰੇਗਾ। ਇਹ ਸਰਟੀਫਿਕੇਟ ਅਪਲੋਡ/ਪੇਸ਼ ਕਰਨ ਸਮੇਂ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।

(III) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀਆਂ ਦਾ ਸਰਟੀਫਿਕੇਟ/EWS ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

9. **ਫੀਸ ਸਬੰਧੀ ਵੇਰਵਾ:-**

| | | |
|---|---|---|
| ਆਮ ਵਰਗ (GEN)/ਸੁਤੰਤਰਤਾ ਸੰਗਰਾਮੀ/ਖਿਡਾਰੀ | - | 1000/- ਰੁ: |
| ਐਸ.ਸੀ.(SC)/ਬੀ.ਸੀ.(BC)/ਆਰਥਿਕ ਤੌਰ ਤੇ ਕਮਜੋਰ ਵਰਗ (EWS) | - | 250/- ਰੁ: |
| ਸਾਬਕਾ ਫੌਜੀ ਅਤੇ ਆਸ਼ਰਿਤ (Ex-servicemen Self & Dependent) | - | 200/- ਰੁ: |
| ਦਿਵਿਆਂਗਜਨ (Handicapped) | - | 500/- ਰੁ: |

**ਨੋਟ: ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।**

**10. ਚੋਣ ਵਿਧੀ/ਪ੍ਰੀਖਿਆ ਸਬੰਧੀ ਜਾਣਕਾਰੀ:-**

(I) ਪ੍ਰਕਾਸ਼ਿਤ ਕੀਤੀਆਂ ਕਲਰਕ, ਕਲਰਕ ਆਈ.ਟੀ. ਅਤੇ ਕਲਰਕ ਲੇਖਾ ਦੀਆਂ ਅਸਾਮੀਆਂ ਲਈ ਸਫਲਤਾਪੂਰਵਕ ਬਿਨੈ ਕਰਨ ਵਾਲੇ ਉਮੀਦਵਾਰਾਂ ਦੀ Objective Type {Multiple Choice Question(MCQ)} ਲਿਖਤੀ ਪ੍ਰੀਖਿਆ ਲਈ ਜਾਏਗੀ।

(II) ਲਿਖਤੀ ਪ੍ਰੀਖਿਆ ਵਿੱਚੋਂ ਸਮਰੱਥ ਅਥਾਰਟੀ ਦੇ ਫੈਸਲੇ ਅਨੁਸਾਰ ਬੁਲਾਏ ਜਾਣ ਵਾਲੇ ਉਮੀਦਵਾਰਾਂ ਦਾ ਅੰਗਰੇਜੀ ਅਤੇ ਪੰਜਾਬੀ ਵਿੱਚ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਨਾਲ ਟਾਈਪ ਟੈਸਟ ਲਿਆ ਜਾਵੇਗਾ।

(III) ਅੰਗਰੇਜੀ ਅਤੇ ਪੰਜਾਬੀ ਦਾ ਟਾਈਪ ਟੈਸਟ ਕੰਪਿਊਟਰ ਤੇ ਲਿਆ ਜਾਵੇਗ। ਪੰਜਾਬੀ ਦਾ ਟਾਈਪ ਟੈਸਟ Unicode Compliant Font Raavi ਵਿੱਚ ਲਿਆ ਜਾਵੇਗਾ।

(IV) ਅੰਗਰੇਜੀ ਅਤੇ ਪੰਜਾਬੀ ਦਾ ਟਾਇਪ ਟੈਸਟ ਕੇਵਲ Qualifying Nature ਦਾ ਹੋਵੇਗਾ ਅਤੇ ਇਹ ਟਾਈਪ ਟੈਸਟ Qualify ਕਰਨਾ ਲਾਜਮੀ ਹੋਵੇਗਾ। Common Merit List ਟਾਈਪ ਟੈਸਟ ਪਾਸ ਉਮੀਦਵਾਰਾਂ ਦੇ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ।

(V) ਟਾਈਪ ਟੈਸਟ ਪਾਸ ਉਮੀਦਵਾਰਾਂ ਵਿੱਚੋਂ ਕੁੱਲ ਅਸਾਮੀਆਂ ਤੋਂ ਤਿੰਨ ਗੁਣਾ ਜਾਂ ਸਮਰੱਥ ਅਥਾਰਟੀ ਦੇ ਫੈਸਲੇ ਅਨੁਸਾਰ ਨਿਰਧਾਰਿਤ ਗਿਣਤੀ ਵਿੱਚ ਉਮੀਦਵਾਰਾਂ ਨੂੰ ਕੌਂਸਲਿੰਗ ਲਈ ਬੁਲਾਇਆ ਜਾਵੇਗਾ।

(VI) ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਉਮੀਦਵਾਰ ਦੀ ਮੰਗੀ ਵਿੱਦਿਅਕ ਯੋਗਤਾ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਹੈ ਤਾਂ ਅੰਤ ਵਿੱਚ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਮੈਟ੍ਰਿਕ ਵਿੰਚ ਵੱਧ ਅੰਕ ਹਾਸਿਲ ਕਰਲ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ।

(VII) ਲਿਖਤੀ ਪ੍ਰੀਖਿਆ ਅਤੇ ਟਾਈਪ ਟੈਸਟ ਲਈ ਰੋਲ ਨੰਬਰ, ਸਲੇਬਸ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਸਮੇਂ-ਸਮੇਂ ਤੇ ਜਾਰੀ ਕੀਤੀ ਜਾਵੇਗੀ। ਇਸ ਲਈ ਉਮੀਦਵਾਰ ਸਮੇਂ ਸਮੇਂ ਤੇ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣਗੇ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ ਤੌਰ ਤੇ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ।

11. **ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:**

ਹੇਠ ਲਿਖੀ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ:

(I) ਪੂਰੀ ਫੀਸ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣਾ,

(II) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ,

(III) ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰਕੀਰਿਆ ਮੁਕੰਮਲ ਨਾ ਕਰਨਾ,

(IV) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ,

(V) ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ,

(VI) ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਆਨਲਾਈਨ ਬਿਨੈ ਕਰਨ ਦੀ ਪ੍ਰਕੀਰਿਆ ਦੀ ਥਾਂ ਕਿਸੇ ਹੋਰ ਪ੍ਰਕੀਰਿਆ ਰਾਹੀਂ ਬਿਨੈ ਕਰਨਾ।

(VII) ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣ/ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸ ਕੈਟਾਗਰੀ ਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ।

**12. ਅਪਲਾਈ ਕਰਨ ਦੀ ਵਿਧੀ:**

(I)ਉਮੀਦਵਾਰ ਬੋਰਡ ਦੀ ਵੈਬਸਾਈਟ https://sssb.punjab.gov.in ਤੇ "Online Applications" ਅਧੀਨ ਮੁਹੱਈਆ ਲਿੰਕ ਤੇ ਕਲਿਕ ਕਰਕੇ ਮਿਤੀ 29-06-2022 ਤੋਂ 29-07-2022 ਸ਼ਾਮ 5:00 ਵਜੇ ਤੱਕ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਪ੍ਰਾਪਤ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਰੱਦ ਸਮਝੀ ਜਾਵੇਗੀ।

(II) ਆਨਲਾਈਨ ਅਪਲਾਈ ਕਰਨ ਦੀਆਂ ਹਦਾਇਤਾਂ (procedure) ਬੋਰਡ ਦੀ ਵੈਬਸਾਈਟ ਤੇ ਮੌਜੂਦ ਇਸ ਭਰਤੀ ਦੇ ਲਿੰਕ ਹੇਠ ਟਾਈਟਲ "Instructions for applyting online" ਹੇਠ ਦਰਜ਼ ਹਨ। ਉਮੀਦਵਾਰ ਇਸ ਲਿੰਕ ਤੇ ਕਲਿਕ ਕਰਨ ਉਪਰੰਤ ਇੰਨ੍ਹਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਕੇ ਹੀ ਹਰ ਇੱਕ Step ਨੂੰ ਸਫਲਤਾਪੂਰਵਕ ਮੁਕੰਮਲ ਕਰਨ।

(III) ਉਮੀਦਵਾਰ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿਕ ਕਰਕੇ ਸਭ ਤੋਂ ਪਹਿਲਾਂ **Clerk** ਲਿੰਕ ਤੇ ਕਲਿਕ ਕਰਨ। ਇਸ ਉਪਰੰਤ ਉਮੀਦਵਾਰ ਨਿੱਜੀ ਡਿਟੇਲ ਭਰਕੇ ਰਜਿਸਟਰੇਸ਼ਨ ਕਰਨਗੇ। ਰਜਿਸਟਰੇਸ਼ਨ ਸਫਲ ਹੋਣ ਉਪਰੰਤ Username ਅਤੇ Password Generate ਹੋ ਜਾਏਗਾ, ਜਿਸਦੀ ਵਰਤੋਂ ਕਰਕੇ ਉਮੀਦਵਾਰ ਫਿਰ ਤੋਂ Login ਕਰਕੇ Step-wise ਹਰ ਪੱਖੋਂ ਮੁੰਕਮਲ Application Form ਭਰਨਗੇ ਅਤੇ ਇਸਨੂੰ Submit ਕਰਨਗੇ। ਪ੍ਰੰਤੂ ਇਹ Application Form ਫੀਸ ਦੀ ਸਫਲਤਾਪੂਰਵਕ ਅਦਾਇਗੀ ਹੋਣ ਉਪਰੰਤ ਹੀ ਸਵੀਕਾਰ ਕੀਤਾ ਜਾਵੇਗਾ।

(IV) ਉਮੀਦਵਾਰ Online Application Form ਭਰਨ ਸਮੇਂ ਆਪਣੀ ਪਾਸਪੋਰਟ ਸਾਈਜ਼ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੇ ਵਿਦਿਅਕ ਯੋਗਤਾ ਜਿਵੇਂ ਕਿ ਮੈਟਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਗਰੈਜੂਏਸ਼ਨ, ਪੋਸਟ ਗਰੇਜੂਏਸ਼ਨ, ਕੰਪਿਊਟਰ ਯੋਗਤਾ ਅਤੇ ਕੈਟਾਗਰੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਇੰਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਅਤੇ ਮੁਕੰਮਲ Online Application -- Form Submit ਹੋਣ ਉਪਰੰਤ ਹੀ ਫੀਸ ਜਮ੍ਹਾ/ਅਦਾ ਕੀਤੀ ਜਾ ਸਕੇਗੀ।

(V) **ਅਪਲਾਈ ਕਰਨ ਲਈ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 02-08-2022 ਹੋਵੇਗੀ।** ਫੀਸ ਭਰਨ ਲਈ ਉਮੀਦਵਾਰ ਨੂੰ ਰਜਿਸਟਰੇਸ਼ਨ ਕਰਵਾਉਣ ਉਪਰੰਤ Login ਕਰਨਗੇ। Login ਕਰਨ ਉਪਰੰਤ ਉਮੀਦਵਾਰ "Proceed to Fee Payment" ਤੇ ਕਲਿਕ ਕਰਕੇ ਅਪਣੀ ਫੀਸ ਪੇ ਕਰਨਗੇ।

(VI) ਉਮੀਦਵਾਰ Online Application Submit ਕਰਨ ਉਪਰੰਤ ਫੀਸ ਦਾ ਭੁਗਤਾਨ ਕਰ ਸਕਣਗੇ। ਉਮੀਦਵਾਰ Online Application Form Submit/ਜਮ੍ਹਾਂ ਹੋਣ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ, ਫੀਸ ਅਦਾ ਕਰਨ ਦੀ ਆਖਰੀ ਮਿਤੀ 02-08-2022 ਸ਼ਾਮ 05:00 ਵਜੇ ਤੱਕ, ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਵੀ ਸ਼ਾਖਾ ਵਿੱਚ ਚਲਾਨ ਰਾਹੀਂ ਜਾਂ Net Banking ਜਾਂ Credit Card ਜਾਂ Debit Card ਜਾਂ UPI ਰਾਹੀਂ ਫੀਸ ਜਮ੍ਹਾ ਕਰਵਾ ਸਕਣਗੇ। ਕਿਸੇ ਕਾਰਨ ਫੀਸ ਜਮਾਂ ਨਾ ਹੋਣ ਦੀ ਸੂਰਤ ਵਿੱਚ ਬੋਰਡ ਦੀ ਕੋਈ ਜੁੰਮੇਵਾਰੀ ਨਹੀਂ ਹੋਵੇਗੀ।

(VII) ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾ ਕਰਵਾਉਣ ਉਪਰੰਤ ਹੀ Online ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ Online Application Form ਸਵੀਕਾਰ ਕੀਤਾ ਜਾਵੇਗਾ। ਇਸ ਉਪਰੰਤ ਹੀ ਫੀਸ ਅਦਾ ਕਰਨ ਦੀ ਮਿਤੀ ਤੋਂ ਬਾਅਦ ਦੋ ਦਿਨ ਛੱਡ ਕੇ ਅਗਲੀ ਮਿਤੀ ਤੋਂ Online Application Form Generate/Download ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜਿੰਮੇਵਾਰ ਹੋਣਗੇ।

(VIII) ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ Application form online submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ Application Form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ

ਵਿੱਚ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਏਗੀ।

(IX) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application Form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਏਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

(X) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਏਗਾ।

(XI) Net Banking/Credit Card/Debit Card ਰਾਹੀਂ ਅਦਾ ਕੀਤੀ ਗਈ ਫੀਸ ਦੀ Transaction ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਜਮ੍ਹਾਂ ਨਹੀਂ ਹੋਈ ਮੰਨੀ ਜਾਵੇਗੀ ਅਤੇ ਇੱਕ ਵਾਰ ਅਦਾ ਕੀਤੀ ਫੀਸ ਨਾ-ਮੋੜਨਯੋਗ ਹੋਵੇਗੀ।

**13. ਬਿਨੈਕਾਰਾਂ ਦੇ ਧਿਆਨ ਹਿਤ ਜ਼ਰੂਰੀ ਹਦਾਇਤਾਂ:**

(ੳ) ਉਮੀਦਵਾਰ ਕੈਟਾਗਰੀ ਅਤੇ ਕੈਟਾਗਰੀ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਭਰਨ ਕਿਉਂਕਿ ਫਾਰਮ ਭਰਨ ਉਪਰੰਤ ਕਿਸੇ ਵੀ ਸਟੇਜ ਤੇ ਕੈਟਾਗਰੀ ਅਤੇ ਕੈਟਾਗਰੀ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(ਅ). ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਉਮੀਦਵਾਰ ਵੱਲੋਂ ਇੱਕ ਵਾਰ ਸਬਮਿਟ ਕੀਤਾ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(ੲ) ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੰਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਨਾ ਲਵੇ। ਜੇਕਰ ਫਾਰਮ ਭਰਨ ਵਿੱਚ ਕੋਈ ਗਲਤੀ ਹੋ ਜਾਂਦੀ ਹੈ ਤਾਂ ਫਾਰਮ ਵਿੱਚ ਕੋਈ ਸੋਧ ਨਹੀਂ ਕੀਤੀ ਜਾਵੇਗੀ।

(ਸ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ PDF ਫਾਰਮੈਂਟ ਵਿੱਚ ਇੱਕ ਹੀ ਫਾਇਲ ਵਿੱਚ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।

(ਹ) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ/ਸ਼ਡਿਊਲ, Admit Card, ਪ੍ਰੀਖਿਆ ਕੇਂਦਰ ਦੀ ਜਾਣਕਾਰੀ, ਨਤੀਜਾ, ਮੈਰਿਟ ਸੂਚੀ ਜਾਂ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। **ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਅਤੇ ਵਿਅਕਤੀਗਤ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਏਗੀ।** ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

(ਖ) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ, ਤਕਨੀਕੀ ਯੋਗਤਾ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ।

(ਗ) ਲਿਖਤੀ ਪ੍ਰੀਖਿਆ, ਟਾਈਪ ਟੈਸਟ ਅਤੇ ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(ਘ)ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 10.00 am ਤੋਂ 04-00 pm ਤੱਕ ਬੋਰਡ ਦੇ ਦਫਤਰੀ ਫੋਨ ਨੰ: 0172-2298000 (ਐਕਸਟੈਂਸਨ 5106 ਅਤੇ 5107), 0172-2298083 ਤੇ ਅਤੇ ਈਮੇਲ ਆਈ.ਡੀ. helpsssb2215@gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਙ) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

**-ਸਹੀ-**

**ਸਥਾਨ: ਐਸ.ਏ.ਐਸ. ਨਗਰ** **ਚੇਅਰਮੈਨ**

**ਮਿਤੀ: 29/06/2022** **ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**